8

# ‘‘ਰਾਜ, ਕੁਦਰਤ ਅਤੇ ਵਡਿਆਈ ਤੇਰੇ ਹੀ ਹਨ’’

ਅਮੈਰੀਕਨ ਸਟੈਂਡਰਡ ਵਰਜ਼ਨ ਵਿਚ ਮੱਤੀ 6:9-13 ਵਿਚ ਰਸੂਲਾਂ ਦੀ ਦੁਆ ‘‘ਸਾਨੂੰ ਬੁਰਿਆਈ ਤੋਂ ਬਚਾ’’ ਨਾਲ ਖ਼ਤਮ ਹੁੰਦੀ ਹੈ। ਪਰ ਨਿਊ ਅਮੈਰੀਕਨ ਸਟੈਂਡਰਡ ਬਾਈਬਲ ਵਾਂਗ ਪੰਜਾਬੀ ਵਿਚ ਇਸ ਵਿਚਲਾ ਖ਼ੂਬਸੂਰਤ ਵਾਕ ‘‘... (ਕਿਉਂਕਿ ਰਾਜ, ਕੁਦਰਤ ਅਤੇ ਵਡਿਆਈ ਹਮੇਸ਼ਾ ਤੇਰੇ ਹਨ। ਆਮੀਨ)’’ ਜੋੜਿਆ ਗਿਆ ਹੈ (ਮੱਤੀ 6:13)।

ਜੇ. ਡਬਲਯੂ. ਮੈਕਗਰਵੇ ਦਾ ਪੱਕਾ ਮੰਨਣਾ ਸੀ ਕਿ ਇਹ ਸ਼ਬਦ ਆਤਮਾ ਦੀ ਅਗਵਾਈ ਦੇ ਬਗ਼ੈਰ ਜੋੜੇ ਗਏ ਸਨ। ਉਸਦਾ ਕਹਿਣਾ ਸੀ ਕਿ ‘‘ਬਾਅਦ ਵਿਚ ਮਿਲਾਏ ਗਏ ਅੰਸ਼ ਦੇ ਰੂਪ ਵਿਚ ਇਸ ਵਡਿਆਈ ਨੂੰ ਚੰਗੇ ਕਾਰਣ ਕਰਕੇ ਹੀ ਨਕਾਰਿਆ ਜਾਂਦਾ ਹੈ।’’[1] ASV ਦੇ ਅਨੁਵਾਦਕ ਸਾਨੂੰ ਸਮਝਾਉਣਾ ਚਾਹੁੰਦੇ ਸਨ ਕਿ ਇਨ੍ਹਾਂ ਸ਼ਬਦਾਂ ਦੇ ਸ਼ਾਮਿਲ ਕਰਨ ਦਾ ਕੋਈ ਸਬੂਤ ਹੈ, ਕਿਉਂਕਿ ਟਿੱਪਣੀਆਂ ਵਿਚ ਉਨ੍ਹਾਂ ਨੇ ਲਿਖਿਆ ਹੈ, ‘‘ਥੋੜ੍ਹੇ-ਬਹੁਤ ਫ਼ਰਕ ਨਾਲ ਬਹੁਤ ਸਾਰੇ ਅਧਿਕਾਰੀ, ਕੁਝ ਪੁਰਾਣੇ ਲੋਕ *ਰਾਜ, ਕੁਦਰਤ ਅਤੇ ਵਡਿਆਈ ਤੇਰੇ ਹੀ ਹਨ। ਆਮੀਨ* ਜੋੜਦੇ ਹਨ।’’

ਮਸ਼ਹੂਰ ਨਿਚੋੜ ਕੱਢਣ ਵਾਲੇ ਉਨ੍ਹਾਂ ਪ੍ਰਾਚੀਨ ਅਧਿਕਾਰੀਆਂ ਵਿੱਚੋਂ ਕੁਝ ਅਧਿਕਾਰੀ ਕਾਫ਼ੀ ਸਨਮਾਨਤ ਹਨ। ਨਵੇਂ ਨੇਮ ਦੀਆਂ ਯੂਨਾਨੀ ਹੱਥ ਲਿਖਤਾਂ ਜਿਨ੍ਹਾਂ ਨੂੰ ‘‘W’’ ਜਾਂ ‘‘Washington’’ ਆਖਿਆ ਜਾਂਦਾ ਹੈ (ਕਿਉਂਕਿ ਇਸ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਰੱਖਿਆ ਗਿਆ ਹੈ) ਵਿਚ ਇਹ ਸ਼ਬਦ ਮਿਲਦੇ ਹਨ। ਐਲਬਰਟ ਹੁੱਕ[2] ਨੇ ‘‘W’’ ਹੱਥ ਲਿਖਤ ਦੀ ਮਿਤੀ ਪੰਜਵੀਂ ਸਦੀ ਦੱਸੀ ਹੈ, ਜਦ ਕਿ *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ*[3] ਵਿਚ ‘‘ਮੁਮਕਿਨ ਹੈ ਚੌਥੀ ਸਦੀ’’ ਕਿਹਾ ਗਿਆ ਹੈ। ਯੂਨਾਨੀ ਹੱਥ ਲਿਖਤ *ਥੀਟਾ*[4] ਲੰਮੀ ਹੇਕ ਨਾਲ ਖ਼ਤਮ ਹੁੰਦੀ ਹੈ (ਜਿਹਦੀ ਤਾਰੀਖ਼ ਨੌਵੀਂ ਅਤੇ ਦਸਵੀਂ ਸਦੀ ਦੇ ਦਰਮਿਆਨ ਦੀ ਦੱਸੀ ਗਈ ਹੈ)। ਆਧੁਨਿਕ ਜਾਣਕਾਰੀ ਵਿਚ *ਥੀਟਾ* ਦਾ ਅਸਰ ਵਧ ਰਿਹਾ ਹੈ। ਪੁਰਾਤਨ ਲਾਤੀਨੀ ਹੱਥ ਲਿਖਤ *f* ਜੋ ਛੇਵੀਂ ਸਦੀ ਦੀ ਹੈ, ਵਿਚ ਇਕ ਪ੍ਰਸਿੱਧ ਸਿੱਟਾ ਕੱਢਿਆ ਗਿਆ ਹੈ। ਇਹ ਪੇਸ਼ਿੱਤਾ ਸੀਰੀਆਕ ਵਿਚ ਵੀ ਮਿਲਦਾ ਹੈ, ਜਿਸ ਬਾਰੇ ਭਾਈ ਮੈਕਗਰਵੇ ਨੇ ਕਿਹਾ ਹੈ:

> ਬਹੁਤ ਸਾਰੇ ਸਬੂਤ ਮਿਲ ਕੇ ਇਹ ਸਾਬਿਤ ਕਰਦੇ ਹਨ ਕਿ ਇਹ ਸਾਡੇ ਯੁੱਗ ਦੀ ਦੂਜੀ ਸਦੀ ਵਿਚ ਘੜਿਆ ਗਿਆ ਸੀ, ਜਿੱਥੋਂ ਤਕ ਨਵੇਂ ਨੇਮ ਦੀ ਗੱਲ ਹੈ ਇਹ ਯੂਨਾਨੀ ਲਿਖਤ ਤੋਂ ਲਿਆ ਗਿਆ ਹੈ ਜੋ ਮੂਲ ਲੇਖਕਾਂ ਵੱਲੋਂ ਲਿਖੇ ਜਾਣ ਦੇ ਇਕ ਸੌ ਸਾਲ ਤੋਂ ਵੀ ਪਹਿਲਾਂ ਤਿਆਰ ਹੋ ਗਿਆ ਸੀ। ਮੌਜੂਦਾ ਸਮੇਂ ਦੀ ਇਸਦੀ ਤਾਰੀਖ਼ ਤੋਂ ਇਹ ਸੀਰੀਆਈ ਮਸੀਹੀ ਲੋਕਾਂ ਦੀ ਆਮ ਵਰਤੋਂ ਵਾਲੀ ਬਾਈਬਲ ਸੀ ਅਤੇ ਇਸਦੀ ਵਰਤੋਂ ਉਹ ਨਿੱਜੀ ਦੁਆ ਵਿਚ ਕਰਦੇ ਸਨ। ਬਾਈਬਲ ਨਾਲ ਜੁੜੀ ਆਲੋਚਨਾ ਲਈ ਇਹ ਸਭ ਤੋਂ ਵੱਧ ਕੀਮਤੀ ਨਕਲ ਹੈ।[5]

ਕਈ ਪੁਰਾਤਨ ਹੱਥ ਲਿਖਤਾਂ ਸੁੰਦਰ ਉਸਤਤ ਅਤੇ ਵਧੇਰੇ ਮਹੱਤਤਾ ਵਾਲੀਆਂ ਹੋਣ ਦੇ ਬਾਵਜੂਦ

ਇਸ ਨੂੰ ਛੱਡ ਦਿੰਦੀਆਂ ਹਨ। ਪਰ ਇਸ ਸਵਾਲ ਵਿਚ ਜਿਨ੍ਹਾਂ ਸ਼ਬਦਾਂ 'ਤੇ ਵਿਚਾਰ ਦੱਸੇ ਗਏ ਹਨ ਉਹ ਵਚਨ ਦੇ ਮੁਤਾਬਕ ਹੈ (ਵੇਖੋ 1 ਇਤਿਹਾਸ 29:11; 2 ਤਿਮੋਥਿਉਸ 4:18 ਅਤੇ ਯਹੂਦਾ 25)। ਪੱਕੇ ਤੌਰ 'ਤੇ ਨਹੀਂ ਦੱਸਿਆ ਗਿਆ ਕਿ ਇਹ ਵਾਕ ਅੰਸ਼ ਬਾਅਦ ਵਿਚ ਜੋੜਿਆ ਗਿਆ, ਇਸ ਲਈ ਇਸ ਨੂੰ ਸਮਰਪਤ ਪਾਠ ਫ਼ਜ਼ੂਲ ਨਹੀਂ ਹੋਵੇਗਾ।

''ਰਾਜ, ਕੁਦਰਤ ਅਤੇ ਵਡਿਆਈ ਸਦਾ ਤੇਰੇ ਹਨ। ਆਮੀਨ'' (NASB)। ਆਖਦਿਆਂ ਤੁਹਾਡਾ ਦਿਲ ਤਾਰੀਫ਼, ਉਸਤਤ ਅਤੇ ਭੈ ਨਾਲ ਭਰ ਜਾਣਾ ਚਾਹੀਦਾ ਹੈ। ਤੁਸੀਂ ਹਰ ਭਾਵ ਨੂੰ ਛੱਡ ਕੇ ਅਪਣੇ ਆਪ ਨੂੰ ਖ਼ੁਦਾ ਦੇ ਚਰਨਾਂ ਵਿਚ ਸਮਰਪਿਤ ਕਰ ਰਹੇ ਹੋ, ਤੁਹਾਡੀ ਜੀਭ ਖੁਸ਼ਾਮਦ ਕਰ ਰਹੀ ਹੈ। ਇਹ ਸ਼ਬਦ ਕਿਸੇ ਭੀੜ ਦੇ ਸਾਹਮਣੇ ਜਾਂ ਏਕਾਂਤ ਵਿਚ ਯਾਦ ਕੀਤੀ ਦੁਆ ਵਿਚ ਬਾਰ-ਬਾਰ ਕਹਿਣੇ ਬੇਕਾਰ ਅਤੇ ਮਜ਼ਾਕ ਭਰੇ ਹਨ, ਪਰ ਇਹੀ ਸ਼ਬਦ ਜਦ ਦੀਨ ਅਤੇ ਸ਼ੁਕਰਗੁਜ਼ਾਰ ਮਨ ਦੀ ਡੂੰਘਾਈਆਂ ਤੋਂ ਕਹੇ ਜਾਣ ਤਾਂ ਇਸ ਤੋਂ ਵਧੀਆ ਸੰਦੇਸ਼ ਨੂੰ ਚੰਗੇ ਢੰਗ ਨਾਲ ਖ਼ਤਮ ਨਹੀਂ ਕੀਤਾ ਜਾ ਸਕਦਾ ਹੈ।

## ''ਰਾਜ'' ਤੋਂ ਭਾਵ

''ਰਾਜ ਤੇਰਾ ਹੀ ਹੈ'' ਕਹਿਣ ਤੋਂ ਤੁਹਾਡਾ ਕੀ ਭਾਵ ਹੈ? ਅਸੀਂ ਜਾਣਦੇ ਹਾਂ ਕਿ ਜਦ ਯਿਸੂ ਨੇ ਚੇਲਿਆਂ ਨੂੰ ਦੁਆ ਕਰਨਾ ਸਿਖਾਇਆ, ਤਾਂ ਉਸ ਵਕਤ ਰਾਜ ਅਜੇ ਵਜੂਦ ਵਿਚ ਨਹੀਂ ਸੀ, ਉਹ ਚਾਹੁੰਦਾ ਸੀ ਕਿ ਰਾਜ ਦੇ ਆਉਣ ਲਈ ਉਹ ਦੁਆ ਕਰਨ। ਫਿਰ ਇਸ ਬੇਨਤੀ ਦਾ ਕੀ ਮਤਲਬ ਹੈ, ਜਿਸ ਵਿਚ ਖ਼ੁਦਾ ਦੇ ਰਾਜ ਦਾ ਵਜੂਦ ਵਿਚ ਆਉਣ ਤੋਂ ਪਹਿਲਾਂ ਦਾ ਜ਼ਿਕਰ ਹੈ? ਜੋਜ਼ਫ਼ ਹੈਨਰੀ ਥੇਅਰ[6] ਦਾ ਕਹਿਣਾ ਹੈ ਕਿ ਯੂਨਾਨੀ ਸ਼ਬਦ *basileia* ਜਿਸਦਾ ਅਨੁਵਾਦ ''ਰਾਜ'' ਕੀਤਾ ਗਿਆ ਹੈ, ਦਾ ਅਰਥ ਰਾਜ ਹੀ ਨਹੀਂ, ਬਲਕਿ ''ਸ਼ਾਹੀ ਸ਼ਕਤੀ, ਰਾਜ ਹੋਣਾ, ਸੱਤਾ, ਹਕੂਮਤ'' ਹੈ। ਇਕ *ਬੇਸੀਲਿਆ* ਅਰਥਾਤ ਰਾਜ ਸੀ, ਜਿਸਦਾ ਵਜੂਦ ਉਸ ਵਕਤ ਨਹੀਂ ਸੀ, ਪਰ ਉਹਦਾ ਵਾਅਦਾ ਕੀਤਾ ਗਿਆ ਸੀ (''ਤੇਰਾ ਰਾਜ ਆਵੇ''; ਮੱਤੀ 6:10)। ਯਿਸੂ ਆਪਣੇ ਚੇਲਿਆਂ ਨੂੰ ਦੱਸ ਰਿਹਾ ਸੀ ਕਿ ਇਸ ਰਾਜ ਨੂੰ ਦੁਆ ਦਾ ਮੁੱਦਾ ਬਣਾਇਆ ਜਾਵੇ। ਇਕ *ਬੇਸੀਲਿਆ* ਵੀ ਸੀ ਜਿਸ ਦਾ ਵਜੂਦ ਪਹਿਲਾਂ ਤੋਂ ਹੀ ਸੀ (''ਰਾਜ-ਤੇਰਾ ਹੈ'')। ਇਸ ਦਾ ਕੀ ਅਰਥ ਸੀ? ਯਕੀਨਨ ਹੀ ਇਹ ਉਹ ਰਾਜ ਨਹੀਂ ਸੀ ਜਿਸ ਵਿਚ ਦਾਨੀਏਲ ਨੇ ਕਿਹਾ ਸੀ ਕਿ ਸੁਰਗ ਦਾ ਖ਼ੁਦਾ ਇਸ ਨੂੰ ਕਾਇਮ ਕਰੇਗਾ (ਦਾਨੀਏਲ 2:44); ਕਿਉਂਕਿ 30 ਈਸਵੀ ਵਾਲੇ ਪੈਂਟੀਕਾਸਟ ਤੋਂ ਬਹੁਤ ਪਹਿਲਾਂ ਤੋਂ ਹੀ ਉਹਦਾ ਵਜੂਦ ਸੀ ਜਿਸਦਾ ਸਬੰਧ ਖ਼ੁਦਾ ਨਾਲ ਸੀ। ਇਕ ਹਜ਼ਾਰ ਸਾਲ ਪਹਿਲਾਂ ਦਾਊਦ ਨੇ ਖ਼ੁਦਾ ਦੀ ਤਾਰੀਫ਼ ਕਰਦਿਆਂ ਉਸ ਰਾਜ ਦੀ ਗੱਲ ਕੀਤੀ ਸੀ: ''ਰਾਜ ਤੇਰਾ ਹੈ'' (1 ਇਤਿਹਾਸ 29:11)। ਚੇਲਿਆਂ ਦੀ ਦੁਆ ਵਿਚ ਉਹੀ ਗੱਲ ਹੈ ਜੋ ਦਾਊਦ ਦੇ ਮਨ ਵਿਚ ਸੀ ਯਾਨੀ ਜ਼ਬੂਰ ਲਿਖਣ ਵਾਲੇ ਦਾ ਭਾਵ ਉਹੀ ਹੋਵੇਗਾ ਜੋ ਥੇਅਰ ਨੇ ਕਿਹਾ ਹੈ: ''ਸ਼ਾਹੀ ਸ਼ਕਤੀ, ਰਾਜਸੱਤਾ, ਸੱਤਾ, ਹਕੂਮਤ।[7]''

ਇਸ ਤੋਂ ਬਾਅਦ ਵਾਲੇ ਅਰਥ ਤੋਂ ਕੀ ਸੰਦੇਸ਼ ਮਿਲਦਾ ਹੈ? ਇਹਦਾ ਅਰਥ ਹੈ ਕਿ ਸਭ ਕੁਝ ਖ਼ੁਦਾ ਦੇ ਅਧੀਨ ਹੈ: ''ਰਾਜ, ਕੁਦਰਤ, ਅਤੇ ਵਡਿਆਈ ਤੇਰੀ ਹੀ ਹੈ।'' ਇਹ ਜੋ ਵੀ ਹੈ ਉਹਦੇ ਹੁਕਮ ਨਾਲ ਹੈ ਜਾਂ ਉਹਦੀ ਇਜਾਜ਼ਤ ਨਾਲ ਉਹਦੇ ਕੋਲ ਬੇਇੰਤਹਾ ਸ਼ਕਤੀ ਹੈ। ਅਜਿਹਾ ਅਧਿਕਾਰ ਮੰਨ ਕੇ ਅਸੀਂ ਬਾਈਬਲ ਦੇ ਖ਼ੁਦਾ ਦਾ ਆਦਰ ਕਰ ਰਹੇ ਹੁੰਦੇ ਹਾਂ। ਅਸੀਂ ਡੰਡ ਪਾ ਕੇ ਆਖ ਰਹੇ ਹੁੰਦੇ ਹਾਂ ਕਿ ਲੋਕਾਂ ਦੇ ਦੇਵਤੇ ਮੂਰਤਾਂ ਹੀ ਸਨ (ਜ਼ਬੂਰ 96:5), ਜੋ ਨਾ ਵੇਖ ਸਕਦੀਆਂ ਹਨ, ਨਾ ਸੁਣ ਸਕਦੀਆਂ ਹਨ ਅਤੇ ਨਾ ਸਮਝ ਸਕਦੀਆਂ ਹਨ (ਦਾਨੀਏਲ 5:23)। ਅਸੀਂ ਇਹ ਦਾਅਵਾ ਕਰ ਰਹੇ ਹੁੰਦੇ ਹਾਂ ਕਿ ਘੁਮੰਡ ਅਤੇ ਬੁੱਧ ਦੇ ਦੇਵਤਾ (ਅਪਣੇ ਆਪ ਦੀ ਅਤੇ ਅਪਣੇ ਮਨ ਮੁਤਾਬਕ ਪੂਜਾ ਕਰਨਾ) ਫ਼ਜ਼ੂਲ ਅਤੇ ਬੇਕਾਰ ਹੈ। ਅਸੀਂ ਖ਼ੁਦਾ ਨੂੰ ਦੱਸ ਰਹੇ ਹਾਂ ਕਿ ਅਸੀਂ ਉਹਨੂੰ ਕਿੰਨਾ ਮੰਨਦੇ ਹਾਂ:

ਭਾਵੇਂ ਕਿੰਨੇ ਹੀ ਹਨ ਕੀ ਅਕਾਸ਼ ਵਿਚ ਕੀ ਧਰਤੀ ਉੱਤੇ ਜਿਹੜੇ ਦਿਓਤੇ ਕਰਕੇ ਸਦਾਉਂਦੇ ਹਨ ਯਥਾ ਬਾਹਲੇ ਦਿਓਤੇ ਅਤੇ ਬਾਹਲੇ ਸੁਆਮੀ ਹਨ। ਪਰ ਸਾਡੇ ਭਾਣੇ ਇੱਕੋ ਪਰਮੇਸ਼ੁਰ ਹੈ ਜੋ ਪਿਤਾ ਹੈ ਜਿਸ ਤੋਂ ਸੱਭੋ ਕੁਝ ਹੋਇਆ ਹੈ ਅਤੇ ਅਸੀਂ ਉਹ ਦੇ ਲਈ ਹਾਂ, ਪਰ ਇੱਕੋ ਪ੍ਰਭੂ ਹੈ ਜੋ ਯਿਸੂ ਮਸੀਹ ਹੈ ਜਿਹ ਦੇ ਰਾਹੀਂ ਸੱਭੋ ਕੁਝ ਹੋਇਆ ਨਾਲੇ ਅਸੀਂ ਵੀ (1 ਕੁਰਿੰਥੀਆਂ 8:5, 6)।

ਯਹੋਵਾਹ ਰਾਜਾ ਹੈ (ਜ਼ਬੂਰ 93:1)।

ਤੂੰ ਹੀ ਖ਼ੁਦਾ ਹੈਂ (ਜ਼ਬੂਰ 86:10)।

ਪਰਲੋ ਦੀ ਬਾਬੁਲ ਦੀ ਰਵਾਇਤ ਨਾਲ ਜੁੜੇ ਦੇਵਤਾ[8] ਤਾਂ ਆਪਸ ਵਿਚ ਲੜਦੇ ਸਨ ਅਤੇ ਇਕ ਦੂਜੇ 'ਤੇ ਗੁੱਸਾ ਕੱਢਦੇ ਸਨ,[9] ਪਰ ਬਾਈਬਲ ਦਾ ਖ਼ੁਦਾ ਅਜਿਹਾ ਖ਼ੁਦਾ ਹੈ ਜੋ ਨੂਹ, ਦੁਸ਼ਟਾਂ ਅਤੇ ਸਾਰੀ ਦੁਨੀਆ 'ਤੇ ਕਾਬਜ਼ ਸੀ। ਬਾਬੁਲ ਦੀ ਕਹਾਣੀ ਇਸ ਦੇ ਦੇਵਤਿਆਂ ਨੂੰ ਉਨ੍ਹਾਂ ਦੇ ਮਾਲਕਾਂ ਤੋਂ ਉੱਚਾ ਨਹੀਂ ਕਰਦੀ ਕਿਉਂਕਿ ਉਹ ਪਾਣੀ ਵੇਖ ਕੇ ਘਬਰਾ ਗਏ ਸਨ ਅਤੇ ''ਕੁੱਤਿਆਂ ਵਾਂਗ ਇਕੱਠੇ ਹੁੰਦੇ ਸਨ।'' ''ਰਾਜ ਤੇਰਾ ਹੈ'' ਕਹਿ ਕੇ ਤੁਸੀਂ ਮੰਨਦੇ ਹੋ ਕਿ ''ਯਹੋਵਾਹ ਸਾਡਾ ਖ਼ੁਦਾ ਹੈ, ਯਹੋਵਾਹ ਇੱਕੋ ਹੀ ਹੈ'' (ਵਿਵਸਥਾਸਾਰ 6:4)। ਤੁਸੀਂ ਇਹ ਵੀ ਮੰਨ ਰਹੇ ਹੁੰਦੇ ਹੋ ਕਿ ਹਵਾ ਅਤੇ ਪਾਣੀ ਉਹਦਾ ਹੁਕਮ ਮੰਨਦੇ ਹਨ, ਅਤੇ ਸਭ ਲੋਕ ''ਉਹਦੀ ਪਰਜਾ ਅਤੇ ਉਹਦੀ ਜੂਹ ਦੀਆਂ ਭੇਡਾਂ ਹਨ'' (ਜ਼ਬੂਰ 100:3)।

ਪ੍ਰਾਚੀਨ ਫ਼ਾਰਸੀ ਧਰਮ ਜ਼ਰਤੁਸ਼ਤ ਮਤ ਵਿਚ ਦੋ ਵਿਰੋਧੀ ਦੇਵਤਾ ਸਨ: ਓਰਮਜ਼ਡ (ਭਲਿਆਈ ਅਤੇ ਰੌਸ਼ਨੀ ਦਾ) ਅਤੇ ਅਹਿਰਮਨ (ਬੁਰਾਈ ਅਤੇ ਹਨੇਰੇ ਦਾ)।[10] ਇਸ ਦੇ ਉਲਟ ਬਾਈਬਲ ਇੱਕੋ ਖ਼ੁਦਾ ਨੂੰ ਜਾਣਦੀ ਹੈ ਜਿਸ ਦਾ ਰਾਜ ਸਮੇਂ ਅਤੇ ਥਾਂ ਵਿਚ, ਮਨ ਅਤੇ ਤੱਤ ਅਤੇ ਆਤਮਾ ਤੇ ਹੈ ਭਲਾ ਸੰਸਾਰ ਵਿਚ ਮਿਲਣ ਵਾਲੀ ਬੁਰਿਆਈ ਲਈ ਉਹ ਜ਼ਿੰਮੇਵਾਰ ਹੈ? ਨਹੀਂ, ਉਹ ਤਾਂ ਵਫ਼ਾਦਾਰ ਹੈ ਅਤੇ ਧਰਮੀ ਖ਼ੁਦਾ ਹੈ (ਵਿਵਸਥਾਸਾਰ 32:4); ਉਹ ਤਾਂ ਧਰਮੀ ਅਤੇ ਨਿਆਈਂ ਹੈ। ਖ਼ੁਦਾ ਦਾ ਰਾਜ ਅਤੇ ਹਕੂਮਤ ਐਨਾ ਸਪੱਸ਼ਟ ਹੈ ਕਿ ਬੁਰਿਆਈ ਨੂੰ ਹੋਣ ਦੀ ਇਜਾਜ਼ਤ ਦੇ ਕੇ, ਉਹ ਕਹਿੰਦਾ ਹੈ, ''ਮੈਂ ਚਾਨਣ ਦਾ ਸਿਰਜਣਹਾਰ ਅਤੇ ਹਨੇਰੇ ਦਾ ਰਚਣ ਵਾਲਾ, ਮੈਂ ਯਹੋਵਾਹ ਇਹ ਸਾਰੇ ਕੰਮ ਕਰਦਾ ਹਾਂ'' (ਯਸਾਯਾਹ 45:7)।

ਇਹ ਵੀ ਯਾਦ ਰੱਖੋ ਕਿ ਖ਼ੁਦਾ ਨੇ ਫ਼ਾਰਸੀ ਧਰਮ ਦੇ ਜਾਣਕਾਰ ਰਾਜੇ ਖੋਰੁਸ ਨਾਲ ਇਹ ਗੱਲਾਂ ਕੀਤੀਆਂ। ਖ਼ੁਦਾ ਉਨ੍ਹਾਂ ਸਾਰਿਆਂ ਨੂੰ ਦੱਸ ਰਿਹਾ ਸੀ ਕਿ ਰਾਜ ਸਿਰਫ਼ ਓਸੇ ਦਾ ਹੈ, ''ਮੈਂ ਯਹੋਵਾਹ ਹਾਂ ਅਤੇ ਹੋਰ ਕੋਈ ਨਹੀਂ, ਮੈਥੋਂ ਬਿਨਾ ਕੋਈ ਪਰਮੇਸ਼ੁਰ ਨਹੀਂ'' (ਯਸਾਯਾਹ 45:5)।

ਕੋਈ ਫ਼ਰਿਸ਼ਤਾ, ਖ਼ੁਦਾ ਦੇ ਰਾਜ ਦੇ ਖ਼ਿਲਾਫ਼ ਬਗ਼ਾਵਤ ਕਰਕੇ (ਯਹੂਦਾ 6) ਖ਼ੁਦਾ ਦੇ ਅਧੀਨ ਹੀ ਰਹਿੰਦਾ ਹੈ। ਉਸਨੂੰ ਨਿਆਂ ਦੇ ਵੱਡੇ ਦਿਨ ਤਕ ਹਨੇਰੇ ਦੀਆਂ ਬੇੜੀਆਂ ਵਿਚ ਰੱਖਣ ਲਈ ਸੁਰਗੋਂ ਸੁੱਟ ਦਿੱਤਾ ਜਾਂਦਾ ਹੈ। ਅਜਿਹਾ ਬਾਗ਼ੀ ਜਾਣਦਾ ਹੈ ਕਿ ਖ਼ੁਦਾ ਆਪਣੇ ਰਾਜ ਵਿਚ ਹੈ; ਕਸ਼ਟ ਦਾ ਸਮਾਂ ਨੇੜੇ ਆਉਣ ਤੇ ਉਹ ਕੰਬਦਿਆਂ ਹੋਇਆਂ ਫ਼ਿਕਰਮੰਦ ਹੁੰਦਾ ਹੈ। ਜਿਵੇਂ ਅਦਨ ਵਿਚ ਉਸਨੇ ਆਦਮ ਅਤੇ ਹੱਵ੍ਹਾ ਨੂੰ ਵਰਗਲਾਇਆ ਸੀ, ਉਵੇਂ ਹੀ ਉਹਨੂੰ ਲੋਕਾਂ ਨੂੰ ਵਰਗਲਾਉਣ ਦੀ ਇਜਾਜ਼ਤ ਮਿਲ ਸਕਦੀ ਹੈ। ਉਸ ਵੱਲੋਂ ਅੱਯੂਬ ਵਰਗੇ ਕਿਸੇ ਬੰਦੇ ਦਾ ਇਮਤਿਹਾਨ ਲੈਣਾ ਖ਼ੁਦਾ ਦੀ ਨਿਗਰਾਨੀ ਵਿਚ ਹੀ ਹੋ ਸਕਦਾ ਹੈ। ਸੁਰਗ ਦੇ ਖ਼ੁਦਾ ਕੋਲ ਸਾਰਾ ਅਖ਼ਤਿਆਰ ਹੈ ਪਰ ਸ਼ੈਤਾਨ ਨੂੰ ਜਾਣਦੇ ਹੋਏ ਵੀ ਉਹਦੇ ਅੱਗੇ ਸਿਰ ਝੁਕਾਉਣਾ ਪੈਂਦਾ ਹੈ। ਖ਼ੁਦਾ ਜੋ ਵੀ ਇਜਾਜ਼ਤ ਦੇਵੇ ਸ਼ੈਤਾਨ ਉਸ ਮੌਕੇ ਨੂੰ ਨਹੀਂ ਗੁਆਉਂਦਾ ਹੈ; ਪਰ ਖ਼ੁਦਾ ਕੰਟੋਰਲ ਆਪਣੇ ਹੱਥ ਹੀ ਰੱਖਦਾ ਹੈ ਅਤੇ ਸਾਰਾ ਕੰਮ ਆਪਣੀ ਯੋਜਨਾ ਮੁਤਾਬਕ ਹੀ ਹੋਣ ਦਿੰਦਾ ਹੈ। ਅਜਿਹਾ ਉਹ ਕਿਵੇਂ ਕਰ ਸਕਦਾ ਹੈ? ਉਹ ਅਜਿਹਾ ਕਰ ਸਕਦਾ ਹੈ ਕਿਉਂਕਿ ਰਾਜ ਤਾਂ ਓਸੇ ਦਾ ਹੀ

ਹੈ। ਸਭ ਵਸਤਾਂ ਓਸੇ ਦੀਆਂ ਹੀ ਹਨ; ਓਸੇ ਦੇ ਵਸੀਲੇ ਅਤੇ ਓਸੇ ਦੀਆਂ ਹਨ। ਰਾਜਾ ਆਪਣੀ ਇਜਾਜ਼ਤ ਨਾਲ ਹੀ ਰਾਜ ਕਰਦਾ ਹੈ, ਕਿਉਂਕਿ ਉਹ ਰਾਜਿਆਂ ਦਾ ਰਾਜਾ ਹੈ ਅਤੇ ਖ਼ਾਸ ਕਰਕੇ ਸੱਭ ਤੋਂ ਉੱਚਾ ਹੈ।

30 ਈਸਵੀ ਵਾਲੇ ਪੈਂਟੀਕਾਸਟ ਵਾਲੇ ਦਿਨ ਤੋਂ ਹੀ ਖ਼ੁਦਾ ਨੇ ਅਕਾਸ਼ ਅਤੇ ਧਰਤੀ ਅਤੇ ਧਰਤੀ ਦੇ ਹੇਠਾਂ ਸਾਰੀ ਧਰਤੀ (ਮੱਤੀ 28:18; ਫ਼ਿਲਿੱਪੀਆਂ 2:10) ਆਪਣੀ ਮਰਜ਼ੀ ਨਾਲ ਇਕਲੌਤੇ ਪੁੱਤਰ ਦੇ ਅਧੀਨ ਕਰ ਦਿੱਤੀ। ਉਹਦਾ ਪੁੱਤਰ ਆਪਣੇ ਰਾਜ (ਬੁਲਾਏ ਹੋਏ ਲੋਕ, ਰਾਜ ਦੇ ਪੁੱਤਰ) ਦਾ ਹੀ ਨਹੀਂ, ਧਰਤੀ ਦੇ ਰਾਜਿਆਂ ਦਾ ਵੀ ਹਾਕਿਮ ਹੈ (ਪ੍ਰਕਾਸ ਦੀ ਪੋਥੀ 1:5; 1 ਕੁਰਿੰਥੀਆਂ 15:24)। ਸਮੇਂ ਦੇ ਅੰਤ ਤਕ ਉਹੀ ਰਾਜ ਕਰੇਗਾ, ਤਦ ਉਹ ਰਾਜ ਨੂੰ ਆਪਣੇ ਪਿਤਾ ਨੂੰ ਸੌਂਪ ਦੇਵੇਗਾ।

ਜ਼ਰੂਰ ਹੀ ਖ਼ੁਦਾ ਜਿਹਨੇ ਯਿਸੂ ਨੂੰ ਸਾਰਾ ਅਖ਼ਤਿਆਰ ਦਿੱਤਾ, ਆਪਣੇ ਪੁੱਤਰ ਦੇ ਅਧੀਨ ਨਹੀਂ ਹੁੰਦਾ। ਰਾਜ ਉਹਦੇ ਹੱਥ ਦੇਣ ਵੇਲੇ ਪੁੱਤਰ ਆਪਣੇ ਆਪ ਨੂੰ ਅਤੇ ਸਾਨੂੰ ਵੀ ਉਹਦੇ ਹੱਥ ਸੌਂਪ ਦੇਵੇਗਾ ਅਤੇ ਸਭ ਕੁਝ ਫੇਰ ਉਸ ਤੋਂ ਮਹਾਨ ਪਰਮੇਸ਼ੁਰ ਦੇ ਅਧੀਨ ਹੋ ਜਾਵੇਗਾ, ਤਾਂ ਜੋ ਸਭ ਵਿਚ ਉਹੀ ''ਸਭ ਕੁਝ ਹੋਵੇ'' (1 ਕੁਰਿੰਥੀਆਂ 15:28)। ਉਸਦੇ ਦਾਨ ਅਤੇ ਕਿਰਪਾ ਲਈ ਖ਼ੁਦਾ ਦੀ ਸ਼ੁਕਰਗੁਜ਼ਾਰੀ ਬਿਆਨ ਨਹੀਂ ਕੀਤੀ ਜਾ ਸਕਦੀ! ਸਾਡੇ ਖ਼ੁਦਾ ਦੀ ਬੁੱਧ ਅਤੇ ਮੰਸ਼ਾ ਦੀ ਉਸਤਤ ਹੋਵੇ।

> ਯਹੋਵਾਹ ਨੇ ਆਪਣੀ ਰਾਜ ਗੱਦੀ ਸੁਰਗ ਵਿਚ ਕਾਇਮ ਕੀਤੀ ਹੈ
> ਅਤੇ ਉਹਦੇ ਰਾਜ ਦਾ ਹੁਕਮ ਸਭਨਾਂ ਉੱਤੇ ਹੈ
> ਹੇ ਉਹਦੇ ਦੂਤੋ, ਯਹੋਵਾਹ ਨੂੰ ਮੁਬਾਰਕ ਆਖੋ,
> ਤੁਸੀਂ ਜਿਹੜੇ ਸ਼ਕਤੀ ਦੇ ਵਿਚ ਬਲਵੰਤ ਹੋ
> ਅਤੇ ਉਹਦਾ ਸ਼ਬਦ ਸੁਣ ਕੇ ਉਹ ਨੂੰ ਪੂਰਿਆਂ ਕਰਦੇ ਹੋ
> ਹੇ ਉਹ ਦੀਓ ਸਾਰੀਓ ਸੈਨਾਓ, ਯਹੋਵਾਹ ਨੂੰ ਮੁਬਾਰਕ ਆਖੋ,
> ਤੁਸੀਂ ਜਿਹੜੇ ਉਸਦੇ ਸੇਵਕ ਹੋ ਅਤੇ ਉਹ ਦੀ ਮਰਜ਼ੀ ਨੂੰ ਪੂਰਿਆਂ ਕਰਦੇ ਹੋ!
> ਹੇ ਉਹ ਦੇ ਕਾਰਜੋ, ਉਹਦੇ ਰਾਜ ਦਿਆਂ ਸਾਰਿਆਂ ਥਾਂਵਾਂ ਵਿਚ,
> ਯਹੋਵਾਹ ਨੂੰ ਮੁਬਾਰਕ ਆਖੋ! (ਜ਼ਬੂਰ 103:19-22)।

## ''ਅਤੇ ਕੁਦਰਤ''

**ਭੌਤਿਕ ਸ਼ਕਤੀ**

ਖ਼ੁਦਾ ਦੀ ਬਾਦਸ਼ਾਹੀ ਜਾਂ ਰਾਜ ਦੇ ਅਰਥ ਤੇ ਧਿਆਨ ਦਿੰਦਿਆਂ ਅਸੀਂ ਚੇਲਿਆਂ ਦੀ ਦੁਆ ਵਿਚ ਲਿਖੀ ਦੂਜੀ ਗੱਲ ਭਾਵ ''ਕੁਦਰਤ'' ਬਾਰੇ ਕੁਝ ਸਿੱਖਿਆ ਹੈ। ਸਰਬਸ਼ਕਤੀਮਾਨ ਦੀ ਕੁਦਰਤ ਜਾਂ ਸ਼ਕਤੀ ਤੇ ਧਿਆਨ ਕਰਕੇ ਅਸੀ ਹੈਰਾਨ ਹੋ ਜਾਂਦੇ ਹਾਂ। ਉਸ ਵਿਚ ਕੇਵਲ ਸਾਡੇ ਲਈ ਹੀ ਇਕ ਅਜੀਬ ਧਰਤੀ ਬਣਾ ਕੇ ਇਸ ਨੂੰ ਮਨ ਅਤੇ ਤੱਤ ਨਾਲ ਭਰਪੂਰ ਕੀਤਾ ਸਗੋਂ ਇਸਨੂੰ ਬਿਨਾ ਸਹਾਰੇ ਦੇ ਲਟਕਾਇਆ ਵੀ (ਅੱਯੂਬ 26:7) ਉਸਦੀ ਭੌਤਿਕ ਦੁਨੀਆਂ ਐਨੀ ਵੱਡੀ ਹੋਣ ਤੇ ਵੀ, ਉਸਦੀ ਕਾਇਨਾਤ ਦਾ ਇਕ ਛੋਟਾ ਪਹਿਲੂ ਹੈ, ਕਿ ਮਨੁੱਖ ਦੀ ਸਭ ਤੋਂ ਸ਼ਕਤੀਸ਼ਾਲੀ ਦੂਰਬੀਨਾਂ ਵੀ ਉਸਦੀ ਹੱਦ ਤਕ ਪਹੁੰਚ ਨਹੀ ਸਕਦੀਆਂ। ਉਹ ਸਾਡੀ ਦੁਨੀਆਂ ਨੂੰ ਹਜ਼ਾਰ ਮੀਲ ਫ਼ੀ ਘੰਟੇ ਦੀ ਰਫ਼ਤਾਰ ਨਾਲ ਦਿਨ ਰਾਤ ਅਤੇ ਵਿਚ ਘੁਮਾਉਂਦਾ ਹੀ ਨਹੀਂ, ਬਲਕਿ ਸਾਡੀ ਧਰਤੀ ਨੂੰ ਸੂਰਜ ਦੇ ਆਲੇ ਦੁਆਲੇ ਅਠਾਰਾਂ ਮੀਲ ਫ਼ੀ ਘੰਟੇ ਦੀ ਰਫ਼ਤਾਰ ਨਾਲ 10 ਕਰੋੜ ਮੀਲ ਤਕ ਇਕ ਅਣਡਿੱਠੇ ਰਾਹ ਤੇ ਤੋਰਦਾ ਹੈ। ਪਲੂਟੋ ਲਈ ਉਹਦਾ ਰਾਹ 35 ਕਰੋੜ ਮੀਲ ਲੰਮਾ ਹੈ, ਐਨਾ ਲੰਮਾ ਕਿ ਸੂਰਜ ਦੇ ਦੁਆਲੇ ਇਕ ਚੱਕਰ

ਲਾਉਣ ਲਈ ਪਲੂਟੋ ਨੂੰ 248 ਸਾਲ ਤੋਂ ਵੀ ਵੱਧ ਸਮਾਂ ਲੱਗ ਜਾਂਦਾ। ਰੇਡੀਓ ਸੰਦੇਸ਼ ਇਕ ਸੈਕਿੰਡ ਵਿਚ ਧਰਤੀ ਦੇ ਸੱਤ ਚੱਕਰ ਲਾਉਂਦਾ ਹੈ, ਪਰ ਸਭ ਤੋਂ ਨੇੜਲਾ ਤਾਰਾ ਵੀ ਐਨਾ ਦੂਰ ਹੈ ਕਿ ਉਹੀ ਸੰਦੇਸ਼, ਉਸ ਤਾਰੇ ਤੋਂ ਧਰਤੀ ਤੇ ਭੇਜਣ ਲਈ ਚਾਰ ਸੌ ਤੋਂ ਵੱਧ ਸਾਲ ਲੱਗ ਜਾਣਗੇ। ਵਿਲੀਅਮਜ਼ਟਾਊਨ, ਮੈਸਾਚੁਏਟਸ ਵਿਚਲੇ ਵਿਲੀਅਮਜ਼ ਕਾਲਜ ਦੀ ਹੋਪਕਿੰਸ ਓਬਜ਼ਰਵੇਟਰੀ ਦੀ ਕੰਧ ਤੇ ਯਸਾਯਾਹ 40:26 (ASV) 'ਚੋਂ ਇਹ ਆਇਤ ਲੈ ਕੇ ਲਿਖਿਆ ਗਿਆ ਹੈ, ''ਆਪਣੀਆਂ ਅੱਖਾਂ ਉਤਾਂਹ ਚੁੱਕ ਕੇ ਵੇਖੋ ਕਿ ਇਨ੍ਹਾਂ ਨੂੰ ਕਿਸਨੇ ਬਣਾਇਆ, ਜੋ ਇਨ੍ਹਾਂ ਸਭ ਨੂੰ ਗਿਣ ਕੇ ਬਾਹਰ ਕੱਢਦਾ, ਅਤੇ ਉਨ੍ਹਾਂ ਸਭ ਨੂੰ ਨਾਂਅ ਲੈ ਕੇ ਸੱਦਦਾ ਹੈ? ਉਹ ਐਨੀ ਸਮਰੱਥਾ ਵਾਲਾ ਅਤੇ ਅੱਤ ਬਲਵੰਤ ਹੈ ਕਿ ਉਨ੍ਹਾਂ ਵਿੱਚੋਂ ਕੋਈ ਬਿਨਾ ਆਏ ਨਹੀਂ ਰਹਿੰਦਾ।'' ਸੰਸਾਰ ਦੀ ਵਿਸ਼ਾਲਤਾ ਤੇ ਦਾਊਦ ਨਾਲ ਚੱਕਰ ਵਿਚ ਪੈਣ ਲਈ ਆਤਮਾ ਦੀ ਪ੍ਰੇਰਣਾ ਦੀ ਨਹੀਂ ਬਲਕਿ ਇਕ ਸੁਭਾਵਕ ਦਰਸ਼ਨ ਦੀ ਲੋੜ ਹੈ:

> ਜਦ ਮੈਂ ਤੇਰੇ ਅਕਾਸ਼ ਨੂੰ ਵੇਖਦਾ ਹਾਂ,
> ਜਿਹੜਾ ਤੇਰੀ ਦਸਤਕਾਰੀ ਹੈ,
> ਨਾਲੇ ਚੰਦ ਅਤੇ ਤਾਰਿਆਂ ਨੂੰ
> ਜਿਹੜੇ ਤੈਂ ਕਾਇਮ ਕੀਤੇ ਹਨ,
> ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿਚ ਲਿਆਵੇਂ,
> ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?
> (ਜ਼ਬੂਰ 8:3, 4; 33:6-9 ਵੀ ਵੇਖੋ)।

**ਰੂਹਾਨੀ ਸ਼ਕਤੀ**

ਜਿਵੇਂ ਭੌਤਿਕ ਰਚਨਾ ਕਰਨ ਵਾਲੇ ਖ਼ੁਦਾ ਦੀ ਸਮਰੱਥਾ ਭੈਦਾਇਕ ਹੈ, ਓਸੇ ਤਰ੍ਹਾਂ ਪਾਪੀਆਂ ਨੂੰ ਪਵਿੱਤਰ ਕਰਨ ਵਾਲੀ ਉਹਦੀ ਸਮਰੱਥਾ ਹਲੀਮ ਕਰਨ ਵਾਲੀ ਅਤੇ ਰੋਮਾਂਚਕਾਰੀ ਹੈ। ਜਿੰਨੀ ਸ਼ਕਤੀ ਖ਼ੁਦਾ ਨੇ ਅਣੂ ਵਿਚ ਪਾਈ ਹੈ, ਉਹ ਖੁਸ਼ਖ਼ਬਰੀ ਦੇ ਛੋਟੇ ਜਿਹੇ ਸੰਦੇਸ਼ ਅਤੇ ਮੁਕਤੀ ਦਵਾਉਣ ਵਾਲੀ ਖ਼ੁਦਾ ਦੀ ਸ਼ਕਤੀ ਦੇ ਬਰਾਬਰ ਨਹੀਂ ਹੋ ਸਕਦੀ। ਬੰਬਾਂ ਨਾਲ ਦੁਨੀਆਂ ਨੂੰ ਡਰਾਇਆ ਜਾ ਸਕਦਾ ਹੈ। ਪਰ ਕਿਸੇ ਦੇ ਮਨ ਨੂੰ ਬਦਲਿਆ ਨਹੀਂ ਜਾ ਸਕਦਾ। ਖ਼ੁਦਾ ਦਾ ਇਕ ਲਾਚਾਰ ਬਾਲਕ ਹਲੀਮੀ ਨਾਲ ਖ਼ੁਦਾ ਦੇ ਪਿਆਰ ਬਾਰੇ ਦੱਸ ਕੇ ਸ਼ਾਂਤੀ ਨਾਲ ਜੋ ਕੰਮ ਕਰ ਸਕਦਾ ਹੈ, ਉਹ ਕੰਮ ਧਰਤੀ ਦੀ ਕੋਈ ਸ਼ਕਤੀ ਨਹੀਂ ਕਰ ਸਕਦੀ। ਖ਼ੁਦਾ ਦਾ ਉਹ ਨਿਮਾਣਾ ਜਿਹਾ ਦਾਸ ਖ਼ੁਦਾ ਦਾ ਸਹਿਕਰਮੀ ਹੈ ਭਾਵ ਉਹ ਇਕ ਜ਼ਰੀਆ ਹੈ, ਜਿਸਦੇ ਰਾਹੀਂ ਖ਼ੁਦਾ ਦੀ ਸਮਰੱਥਾ ਕੰਮ ਕਰਦੀ ਹੈ। ਉਹ ਯਿਸੂ ਦੇ ਸਲੀਬ ਦਿੱਤੇ ਜਾਣ ਅਤੇ ਕਬਰ ਵਿੱਚੋਂ ਜੀ ਉੱਠਣ ਦੀ ਖੁਸ਼ਖ਼ਬਰੀ ਸੁਣਾਉਂਦਾ ਹੈ। ਜਦੋਂ ਨਰਮ ਦਿਲ 'ਤੇ ਖੁਸ਼ਖ਼ਬਰੀ ਦੀ ਅਸਰਦਾਇਕ ਸ਼ਕਤੀ ਕੰਮ ਕਰਦੀ ਹੈ ਤਾਂ ਕੋਈ ਸਕਾ-ਸਬੰਧੀ ਜਾਂ ਕੋਈ ਮਖੌਲ ਕਰਨ ਵਾਲਾ ਉਸਨੂੰ ਬਪਤਿਸਮੇ ਦੇ ਰਾਹੀਂ ਯਿਸੂ ਨੂੰ ਆਪਣੇ ਆਪ ਨੂੰ ਸਪੁਰਦ ਕਰਨ ਤੋਂ ਰੋਕ ਨਹੀਂ ਸਕਦਾ। ਖ਼ੁਦਾ ਦੀ ਉਹੀ ਸ਼ਕਤੀ ਜੋ ਉੱਤਰੀ ਪੌਣ ਨੂੰ, ਜਾਂ ਸੂਰਜ ਦੀ ਕਿਰਣ ਨੂੰ, ਜੋ ਉਹਦੀ ਸ਼ਕਤੀ ਤੋਂ ਵੱਖਰੀ ਹੈ, ਪਰ ਹੈ ਉਹੀ ਖ਼ੁਦਾ ਦੀ ਸ਼ਕਤੀ, ਜੋ ਗੁਨਾਹ ਵਿਚ ਡੁੱਬੇ ਬੰਦੇ ਨੂੰ (ਜੋ ਖ਼ੁਦਾ ਦੇ ਸਰੂਪ ਤੇ ਬਣਾਇਆ ਗਿਆ ਸੀ) ਇਕ ਨਵੀਂ ਰਚਨਾ ਵਿਚ ਬਦਲ ਸਕਦੀ ਹੈ !(ਵੇਖੋ ਜ਼ਬੂਰ 86:10) ਇਕ ਭਟਕਿਆ ਹੋਇਆ ਮਨੁੱਖ, ਸੁਰਗੀ ਸ਼ਕਤੀ ਨਾਲ, ਧਰਮ ਅਤੇ ਅਸਲੀ ਪਵਿੱਤਰਤਾ ਵੱਲ ਮੁੜ ਸਕਦਾ ਹੈ।

**ਅਬਦੀ ਸ਼ਕਤੀ**

ਨਵੇਂ ਸਿਰਿਓਂ ਜਨਮ ਲੈਣ 'ਤੇ ਅਸੀਂ ਸ਼ੁਕਰ ਕਰਦੇ ਹੋਏ ਬਹੁਤ ਹੀ ਆਨੰਦਿਤ ਹੁੰਦੇ ਹਾਂ, ਕਿ

ਅਸੀਂ ਦੇਹ ਤੋਂ ਬਿਨਾ ਵੀ ਜੀਆਂਗੇ। ਇਹ ''ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ'' ਦੇ ਕਾਰਣ ਹੈ (ਅਫ਼ਸੀਆਂ 1:19)। ਖ਼ੁਦਾ ਨੇ ਜੋ ਕੁਝ ''ਮਸੀਹ ਵਿਚ ਕੀਤਾ ਜਦ ਉਹਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ'' ਉਹਦੇ ਕਰਕੇ ਸਾਡੀ ਮੀਰਾਸ ਖ਼ੁਦਾ ਨਾਲ ਹਮੇਸ਼ਾ ਤਕ ਰਹਿਣ ਦੀ ਹੈ (ਅਫ਼ਸੀਆਂ 1:19, 20)। ਅਸੀਂ ਜਾਣਦੇ ਹਾਂ ਕਿ ''ਜਿਹਨੇ ਪ੍ਰਭੂ ਯਿਸੂ ਨੂੰ ਜਿਵਾਇਆ ਉਹ ਸਾਨੂੰ ਵੀ ਯਿਸੂ ਦੇ ਨਾਲ ਜਿਵਾਵੇਗਾ ਅਤੇ ਤੁਹਾਡੇ ਨਾਲ ਆਪਣੇ ਹਜ਼ੂਰ ਖੜਾ ਕਰੇਗਾ'' (2 ਕੁਰਿੰਥੀਆਂ 4:14) ਅਤੇ ਸਭ ਕੁਝ ਸਾਡਾ ਹੈ (1 ਕੁਰਿੰਥੀਆਂ 3:21)।

ਉਹ ਐਨੀਆਂ ਹੀਣ, ਪਾਪ ਵਿਚ ਸਰਾਪਤ ਅਤੇ ਮਰਨਹਾਰ ਦੇਹੀਆਂ ਨੂੰ ਆਪਣੇ ਤੇਜ ਵਿਚ ਕਿਵੇਂ ਬਦਲ ਸਕਦਾ ਹੈ? ਪਤਾ ਨਹੀਂ ਕਿਵੇਂ! ਪਰ ਸਾਡਾ ਵਿਸ਼ਵਾਸ ਉਹਦੀ ਸ਼ਕਤੀ ਵਿਚ ਹੈ ''ਜਿਹੜਾ ਅਜਿਹਾ ਸਮਰੱਥ ਹੈ ਕਿ ਜੋ ਕੁਝ ਅਸੀਂ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਕੰਮ ਕਰਦੀ ਹੈ'' (ਅਫ਼ਸੀਆਂ 3:20)। ਉਸਦੇ ਕੰਮ ਕਰਨ ਦੇ ਅਨੁਸਾਰ ਜਿਸ ਤੋਂ ਉਹ ਸਭ ਵਸਤਾਂ ਨੂੰ ਆਪਣੇ ਵੱਸ ਕਰ ਸਕਦਾ ਹੈ (ਫ਼ਿਲਿੱਪੀਆਂ 3:21; KJV), ਅਸੀਂ ਬੇਪਰਤੀਤੀ ਵਿਚ ਭਟਕਦੇ ਨਹੀਂ ਸਗੋਂ ਖ਼ੁਦਾ ਨੂੰ ਵਡਿਆਈ ਦਿੰਦਿਆਂ ਈਮਾਨ 'ਚ ਮਜ਼ਬੂਤ ਹੁੰਦੇ ਹਾਂ (ਰੋਮੀਆਂ 4:20)। ਸਾਡੀ ਬੇਚੈਨੀ ਸਿਰਫ਼ ਇਹ ਹੈ ਕਿ ਉਹ ਨਾ ਸਿਰਫ਼ ਸਾਡੇ ਜਿਸਮ ਨੂੰ ਜਿਵਾਉਣ ਦੀ ਸਮਰੱਥਾ ਰੱਖਦਾ ਹੈ ਬਲਕਿ ਉਸ ਵਿਚ ਵਿਸ਼ਵਾਸ ਨਾ ਕਰਨ ਵਾਲਿਆਂ ਨੂੰ ਨਰਕ ਦੀ ਅੱਗ ਵਿਚ ਸੁੱਟਣ ਦੀ ਵੀ ਸ਼ਕਤੀ ਹੈ (ਲੂਕਾ12:5)। ਉਹ ਅਜਿਹਾ ਕਰਨਾ ਨਹੀਂ ਚਾਹੁੰਦਾ ਪਰ ਅਜਿਹਾ ਕਰਨ ਦੇ ਯੋਗ ਹੈ।

## ''ਵਡਿਆਈ ਸਦਾ ਤੇਰੀ ਹੀ ਹੈ''

ਖ਼ੁਦਾ ਦੇ ਰਾਜ ਨੂੰ ਕੋਈ ਚੁਣੌਤੀ ਨਹੀਂ ਹੈ, ਕਿਉਂਕਿ ਉਹਦੀ ਸਮਰੱਥਾ ਸਭ ਤੋਂ ਉੱਪਰ ਹੈ। ਉਸਦਾ ਜਲਾਲ ਐਨਾ ਚਮਕਦਾਰ ਹੈ ਕਿ ਧੋਬੀ ਵੀ ਐਨਾ ਚਿੱਟਾ ਨਹੀਂ ਧੋ ਸਕਦਾ। ਜੋ ਵੀ ਆਦਰ ਜਾਂ ਵਡਿਆਈ ਮਨੁੱਖ ਜਾਂ ਫ਼ਰਿਸ਼ਤਿਆਂ ਨੂੰ ਮਿਲ ਸਕਦਾ ਹੈ ਉਹ ਓਸੇ ਵੱਲੋਂ ਹੈ, ਜਿਸਨੇ ਉਸਨੂੰ ਵਜੂਦ ਵਿਚ ਲਿਆਂਦਾ ਅਤੇ ਜਿਸਨੇ ਸਾਨੂੰ ਆਪਣੇ ਫ਼ਜ਼ਲ ਨਾਲ ਛੁਡਾਇਆ ਹੈ। ਬਹੁਤ ਸਾਰੇ ਕਾਰਨਾਂ ਦੀ ਸਾਰੀ ਵਡਿਆਈ ਪਿਤਾ ਨੂੰ ਹੀ ਕਿਉਂ ਮਿਲਦੀ ਹੈ? ਇਸਦੀ ਵਜ੍ਹਾ ਇਹ ਵੀ ਹੈ ਕਿ ਉਸਨੇ ਕਲੀਸੀਆ ਵੀ ਬਣਾਈ ਸੀ।

ਬੜੀ ਸਫ਼ਾਈ ਨਾਲ ਬੁਣੀ ਹੋਈ ਖ਼ੂਬਸੂਰਤ ਡਿਜ਼ਾਈਨ ਵਾਲੀ ਰਾਜਸਥਾਨੀ ਰਜਾਈ ਨੂੰ ਵੇਖ ਕੇ ਭਾਵੇਂ ਮੈਂ ਉਸ ਦੇ ਬਣਾਉਣ ਵਾਲੇ ਨੂੰ ਤਾਂ ਨਹੀਂ ਵੇਖ ਸਕਦਾ, ਪਰ ਨਾ ਚਾਹੁੰਦਿਆਂ ਹੋਇਆਂ ਵੀ ਮਨ ਵਿਚ ਉਹਦਾ ਖ਼ਿਆਲ ਆਉਂਦਾ ਹੈ, ''ਜਿਹਨੇ ਇਸ ਰਜਾਈ ਨੂੰ ਬਣਾਇਆ ਹੈ।'' ਫ਼ਰਿਸ਼ਤਿਆਂ ਅਤੇ ਮਹਾਂ ਦੂਤਾਂ ਨੇ ਸਮਾਂ ਪੂਰਾ ਹੋਣ ਤੇ ਸੁਰਗ ਤੋਂ ਹੇਠਾਂ ਝਾਤੀ ਮਾਰ ਕੇ ਛੁਡਾਏ ਹੋਏ ਲੋਕਾਂ ਨੂੰ ਨਵੇਂ ਸਿਰਿਓਂ ਜਨਮ ਲੈਣ ਵਾਲੇ ਬੁਲਾਇਆਂ ਹੋਇਆਂ ਦੇ ਰੂਪ ਵਿਚ ਕਲੀਸੀਆ ਨੂੰ ਵੇਖਿਆ। ਸੁਰਗੀ ਥਾਂਵਾਂ ਵਿਚ ਪ੍ਰਧਾਨਾਂ ਅਤੇ ਅਧਿਕਾਰੀਆਂ ਨੇ ਪਵਿੱਤਰ ਕੀਤੇ ਗਏ ਲੋਕਾਂ ਨੂੰ ਵੇਖ ਕੇ, ਜੋ ਖ਼ੁਦਾ ਦੀ ਕਲੀਸੀਆ ਬਣਦੇ ਹਨ, ਖ਼ੁਦਾ ਦੀ ਸਮਝ ਅਤੇ ਵੱਡੇ ਦਰਸ਼ਣ ਨੂੰ ਵੇਖਿਆ। ਉਹ ਹੈਰਾਨ ਸਨ ਕਿ ਸੰਸਾਰ ਦੀ ਨੀਂਹ ਰੱਖਣ ਤੋਂ ਪਹਿਲਾਂ ਖ਼ੁਦਾ ਦੇ ਮਨ ਵਿਚ ਕੀ ਸੀ! ਅੰਤ ਵਿਚ ਉਹਦੀ ਸਮਝ ਦੇ ਦਰਸ਼ਣ ਪਾਏ, ਕਿਉਂਕਿ ਖ਼ੁਦਾ ਨੇ ਇਹ ਢੰਗ ਬਣਾਇਆ ਸੀ ਜਿਸ ਦੇ ਰਾਹੀਂ ਪਾਪੀ ਨੂੰ ਪਵਿੱਤਰ ਬਣਾਇਆ ਜਾ ਸਕਦਾ ਸੀ। ਆਦਮੀ ਹੋਣ ਜਾਂ ਫ਼ਰਿਸ਼ਤੇ, ਜਦ ਉਹ ਕਲੀਸੀਆ ਦੇ ਵੱਡੇਪਨ ਤੇ ਵਿਚਾਰ ਕਰਦੇ ਹਨ ਤਾਂ ਚਾਹੀਦਾ ਹੈ ਕਿ ਉਹ ਉਸ ਚਿੱਟੇ ਤਖ਼ਤ ਵੱਲ ਮੁੜਨ, ਆਪਣੇ ਪਰਦੇ ਨੂੰ ਹਟਾ ਕੇ ਬੋਲਣ ਕਿ ''ਕਲੀਸੀਆ ਵਿਚ ਅਤੇ ਮਸੀਹ ਯਿਸੂ ਵਿਚ ਸਾਰੀਆਂ ਪੀੜ੍ਹੀਆਂ ਤੀਕਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ'' (ਅਫ਼ਸੀਆਂ 3:21)।

## ''ਆਮੀਨ''

ਸ਼ਗਿਰਦਾਂ ਦੀ ਦੁਆ ਦੀ ਆਖ਼ਰੀ ਬੇਨਤੀ ਦਾ ਆਖ਼ਰੀ ਸ਼ਬਦ ਇਬਰਾਨੀ ਭਾਸ਼ਾ (*amen*) ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ, ''ਤਸਦੀਕ ਕਰਨਾ ਜਾਂ ਹਮਾਇਤ ਕਰਨੀ।'' ਪੂਰੀ ਬਾਈਬਲ ਵਿਚ ਇਸਦਾ ਅਰਥ ਹੈ: ''ਇਸੇ ਤਰ੍ਹਾਂ ਹੋਵੇ'' (ਵਿਵਸਥਾਸਾਰ 27:15-26; 1 ਇਤਿਹਾਸ 16:36; ਨਹਮਯਾਹ 8:6; ਰੋਮੀਆਂ 1:25; ਇਬਰਾਨੀਆਂ 13:21)। ਖ਼ੁਦਾ ਕਰੇ ਕਿ ਤੁਸੀਂ ਜਦ ਵੀ ਸ਼ਗਿਰਦਾਂ ਦੀ ਦੁਆ 'ਤੇ ਧਿਆਨ ਕਰੋ ਤਾਂ ਤੁਹਾਡੇ ਲਈ ਇਸਦਾ ਅਰਥ ਨਵਾਂ ਹੀ ਮਿਲੇ।

> ਹੇ ਯਹੋਵਾਹ ਵਡਿਆਈ ਅਤੇ ਸ਼ਕਤੀ ਦੇ ਪ੍ਰਤਾਪ ਅਤੇ ਫ਼ਤਹਿ ਅਤੇ ਵਡਿਆਈ ਤੇਰੀ ਹੀ ਹੈ, ਹੇ ਯਹੋਵਾਹ ਰਾਜ ਤੇਰਾ ਹੀ ਹੈ ਤੂੰ ਸਭਨਾਂ ਦੇ ਸਿਰ ਉੱਤੇ ਅੱਤ ਉੱਚੇ ਤੋਂ ਵੀ ਉੱਚਾ ਹੈ (1 ਇਤਿਹਾਸ 29:11; ਯਹੂਦਾ 24, 25 ਵੀ ਵੇਖੋ)।

---

ਟਿੱਪਣੀਆਂ

[1]ਜੇ. ਡਬਲਯੂ. ਮੈਕਗਰਵੇ, *ਦਿ ਨਿਊ ਟੈਂਸਟਾਮੈਂਟ ਕਮੈਂਟਰੀ,* ਜਿਲਦ 1, *ਮੈਥਿਊ ਐਂਡ ਮਾਰਕ* (ਲੈਕਸਿੰਗਟਨ, ਕੈਂਟਕੀ: ਪੰਨਾ ਰਹਿਤ, 1875; ਰੀਪ੍ਰਿੰਟ, ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 64. [2]ਐਲਬਰਟ ਹੁੱਕ, *ਸਿਨੋਪਸਿਸ ਆਫ਼ ਦ ਫ਼ਸਟ ਥ੍ਰੀ ਗੌਸਪਲਜ਼,* ਜਿਲਦ 9, ਸੰਪਾਦਨ, ਹੈਂਸ ਲੇਅਜ਼ਮੈਨ, ਅਨੁਵਾਦ ਫ਼੍ਰੈਂਕ ਲੇਸਲੀ ਕ੍ਰੌਸ (ਨਿਊ ਯਾਰਕ: ਅਮੈਰੀਕਨ ਬਾਈਬਲ ਸੋਸਾਇਟੀ, 1936), 11. [3]ਯੂਨਾਨੀ ਹੱਥ ਲਿਖਤ ਦਾ ਨਾਂਅ ਯੂਨਾਨੀ ਵਰਣਮਾਲਾ ਦੇ ਅਠਵੇਂ ਅੱਖਰ ਤੋਂ ਲਿਆ ਗਿਆ ਹੈ। [4]*ਇੰਟਰਨੈਸ਼ਨਲ ਬਾਈਬਲ ਸੋਸਾਇਟੀ ਇੰਸਾਈਕਲੋਪੀਡੀਆ,* ਸੰਪਾ: ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 5:2953 ਵਿਚ ਚਾਰਲਸ ਫ਼ਰੇਮੰਟ ਸਿੱਟਰਲੀ, ''ਟੈਕਸਟ ਐਂਡ ਮੈਨੁਸਕ੍ਰਿਪਟਸ ਆਫ਼ ਦ ਨਿਊ ਟੈਸਟਾਮੈਂਟ।'' [5]ਜੇ. ਡਬਲਯੂ. ਮੈਕਗਰਵੇ, *ਐਵਿਡੈਂਸਸ ਆਫ਼ ਕ੍ਰਿਸਚਿਐਨਿਟੀ* (ਸਿੰਸਿਨਾਟੀ: ਸਟੈਂਡਰਡ ਪਬਲਿਸ਼ਿੰਗ ਕੰ., 1886), 34. [6]ਸੀ. ਜੀ. ਵਿਲਕੇ ਅਤੇ ਵਿਲੀਬਲਡ ਗ੍ਰਿੰਮ, *ਏ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁਵਾਦ ਅਤੇ ਸੋਧ ਜੋਜ਼ਫ. ਐੱਚ. ਥੇਅਰ (ਐਡਿਨਬਰਗ ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ ਐਡੀਸ਼ਨ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 96-97. [7]ਉਹੀ। [8]ਆਧੁਨਿਕਤਾਵਾਦੀ ਐਸ. ਆਰ. ਡ੍ਰਾਈਵਰ ਨੇ ਬਾਈਬਲ ਨੂੰ ਇਹ ਸ਼ਰਧਾਂਜਲੀ ਦਿੱਤੀ: ''ਬਾਬੁਲ ਦੇ ਵੇਰਵੇ (ਸ੍ਰਿਸ਼ਟੀ ਅਤੇ ਪਰਲੋ) ਦੋਵੇਂ ਹੀ ਬਹੁਦੇਵਵਾਦੀ ਹਨ, ਜਦਕਿ ਇਹਦੇ ਨਾਲ ਦੇ ਬਾਈਬਲ ਦੇ ਵੇਰਵੇ (ਉਤਪਤ 1 ਅਤੇ 6-9) ਸ਼ੁੱਧ ਅਤੇ ਉੱਚ ਇਕ ਈਸ਼ਵਰਵਾਦ ਦੇ ਵਾਹਨ ਬਣਾਏ ਜਾਂਦੇ ਹਨ; ...'' ( ਜੇ. ਮੈਕੀ ਐਡਮੰਜ਼, ਐਂਸਿਏਂਟ ਰਿਕਾਰਡਜ਼ ਐਂਡ ਦ ਬਾਈਬਲ [ਨੈਸ਼ਵਿੱਲੇ: ਬ੍ਰਾਡਮੈਨ ਪ੍ਰੈੱਸ, 1946], 143 ਵਿਚ ਦੁਹਰਾਇਆ ਗਿਆ)। [9]ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ, ਸੰਪਾ. ਜਿਓਫ਼ਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 2:823 ਵਿਚ ਜੌਰਜ ਫ਼੍ਰੈਡਰਿਕ ਰਾਈਟ, ''ਦਿ ਡਿਲਯੂਜ ਆਫ਼ ਨੋਆਹ।'' [10]ਏ. ਐੱਚ. ਨਿਊਮੈਨ, *ਏ ਮੈਨੁਅਲ ਆਫ਼ ਚਰਚ ਹਿਸਟਰੀ,* ਅੰਕ 1, *ਐਂਸਿਏਂਟ ਐਂਡ ਮਿਡਿਏਵਲ ਚਰਚ ਹਿਸਟਰੀ (ਟੂ ਏ. ਡੀ. 1517),* ਸੋਧ ਅਤੇ ਵਿਸਤਾਰ (ਫ਼ਿਲਾਡੈਲਫ਼ੀਆ: ਅਮੈਰੀਕਨ ਬੈਪਟਿਸਟ ਪਬਲਿਕੇਸ਼ਨ ਸੋਸਾਇਟੀ, 1899), 36.